BRAMPTON

Media Release

ਤੁਰੰਤ ਰਿਲੀਜ ਲਈ

# ਇਨੋਵੇਸ਼ਨ ਡਿਸਟ੍ਰਿਕਟ ਵਿੱਚ ਸਿਟੀ ਆਫ ਬ੍ਰੈਂਪਟਨ ਦੀ ਭਾਈਵਾਲੀ ਨੇ ਐਕਸੀਲੈਂਸ ਇਨ ਇਕੋਨੋਮਿਕ ਡਿਵਲੈਪਮੈਂਟ ਅਵਾਰਡ ਜਿੱਤਿਆ

ਬ੍ਰੈਂਪਟਨ, ਓਨਟੈਰੀਓ (26 ਅਕਤੂਬਰ, 2020) – ਸਿਟੀ ਆਫ ਬ੍ਰੈਂਪਟਨ ਨੂੰ, ਹਾਲੀਆ ਇੰਟਰਨੈਸ਼ਨਲ ਇਕੋਨੋਮਿਕ ਡਿਵਲੈਪਮੈਂਟ ਕਾਉਂਸਿਲ (ਆਈ.ਈ.ਡੀ.ਸੀ.) (International Economic Development Council) (IEDC) ਦੇ 2020 ਐਕਸੀਲੈਂਸ ਇਨ ਇਕੋਨੋਮਿਕ ਡਿਵਲੈਪਮੈਂਟ ਅਵਾਰਡਸ (2020 Excellence in Economic Development Awards) ਵਿੱਚ, ਇਸਦੀਆਂ ਇਨੋਵੇਸ਼ਨ ਡਿਸਟ੍ਰਿਕਟ (Innovation District) ਅਤੇ ਪੋਸਟ ਸੈਕੰਡਰੀ ਭਾਈਵਾਲੀਆਂ ਲਈ ਕਾਂਸੀ ਰੈਂਕ ਦਾ ਅਵਾਰਡ ਦਿੱਤਾ ਗਿਆ ਸੀ।

ਅਵਾਰਡ, ਦੁਨੀਆ ਦੇ ਸਭ ਤੋਂ ਵਧੀਆ ਆਰਥਿਕ ਵਿਕਾਸ ਵਾਲੇ ਪ੍ਰੋਗਰਾਮਾਂ ਅਤੇ ਭਾਈਵਾਲੀਆਂ, ਮਾਰਕੀਟਿੰਗ ਸਮੱਗਰੀਆਂ ਅਤੇ ਸਾਲ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਲੀਡਰਾਂ ਨੂੰ ਸਨਮਾਨਿਤ ਕਰਦੇ ਹਨ। 35 ਅਵਾਰਡ ਸ਼੍ਰੇਣੀਆਂ, ਸੰਗਠਨਾਂ ਅਤੇ ਵਿਅਕਤੀਆਂ ਦੇ ਸ਼ਹਿਰੀ, ਉਪਨਗਰੀ ਅਤੇ ਪੇਂਡੂ ਭਾਈਚਾਰਿਆਂ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਵਿੱਚ ਉਹਨਾਂ ਦੇ ਯਤਨਾਂ ਵਾਸਤੇ, ਉਹਨਾਂ ਨੂੰ ਸਨਮਾਨਿਤ ਕਰਦੀਆਂ ਹਨ। ਇਸ ਸਾਲ ਦੇ ਸ਼ੁਰੂ ਵਿੱਚ ਨਾਮਾਂਕਣ ਪ੍ਰਕਿਰਿਆ ਆਯੋਜਿਤ ਹੋਣ ਦੇ ਬਾਅਦ, ਅਵਾਰਡਾਂ ਦਾ ਫੈਸਲਾ, ਦੁਨੀਆ ਭਰ ਦੇ ਆਰਥਿਕ ਅਤੇ ਭਾਈਚਾਰਕ ਵਿਕਾਸਕਾਰਾਂ ਦੇ ਵੰਨ-ਸੁਵੰਨੇ ਪੈਨਲ ਵੱਲੋਂ ਕੀਤਾ ਗਿਆ ਸੀ।

ਸਿਟੀ ਆਫ ਬ੍ਰੈਂਪਟਨ ਨੂੰ, "ਸਿੱਖਿਆ ਸਬੰਧੀ ਸੰਸਥਾਨਾਂ ਨਾਲ ਭਾਈਵਾਲੀਆਂ" ("Partnerships with Educational Institutions") ਸ਼੍ਰੇਣੀ ਵਿੱਚ ਸਨਮਾਨਿਤ ਕੀਤਾ ਗਿਆ ਸੀ।

ਸਿਟੀ ਆਫ ਬ੍ਰੈਂਪਟਨ, ਇਨੋਵੇਸ਼ਨ ਡਿਸਟ੍ਰਿਕਟ (Innovation District) ਨੂੰ ਬ੍ਰਾਂਡ ਬਣਾ ਕੇ, ਆਪਣੇ ਡਾਉਨਟਾਉਨ ਵਿੱਚ ਇੱਕ ਇਨੋਵੇਸ਼ਨ ਅਤੇ ਉੱਦਮ ਈਕੋਸਿਸਟਮ ਬਣਾ ਰਹੀ ਹੈ। ਇਨੋਵੇਸ਼ਨ ਡਿਸਟ੍ਰਿਕਟ, ਰਾਇਰਸਨ ਯੂਨੀਵਰਸਿਟੀ (Ryerson University) ਅਤੇ ਅਲਗੋਮਾ ਯੂਨੀਵਰਸਿਟੀ (Algoma University) ਸਮੇਤ, ਸਿੱਖਿਆ ਸਬੰਧੀ ਸੰਸਥਾਨਾਂ ਨਾਲ ਭਾਈਵਾਲੀਆਂ ਤੋਂ ਲਾਭ ਉਠਾਉਂਦਾ ਹੈ, ਤਾਂ ਜੋ ਸਿੱਖਿਆ ਅਤੇ ਪ੍ਰਤਿਭਾ ਵਿਕਾਸ ਅਤੇ ਸ਼ੁਰੂਆਤੀ ਉੱਦਮ ਇਨਕਿਊਬੇਸ਼ਨ ਅਤੇ ਗਤੀਵਰਧਕ ਥਾਂ ਪ੍ਰਦਾਨ ਕੀਤੀ ਜਾ ਸਕੇ। ਇਹਨਾਂ ਅਤੇ ਹੋਰਾਂ ਸੰਸਥਾਨਾਂ ਨਾਲ ਭਾਈਵਾਲੀਆਂ, ਬ੍ਰੈਂਪਟਨ ਦੇ ਇਨੋਵੇਸ਼ਨ ਈਕੋਸਿਸਟਮ ਦੀ ਨੀਂਹ ਹਨ।

ਰਾਇਰਸਨ ਨਾਲ ਸਿਟੀ ਦੀ ਭਾਈਵਾਲੀ, ਬ੍ਰੈਂਪਟਨ ਨੂੰ ਸਾਈਬਰਸਿਕਿਓਰਿਟੀ ਵਿੱਚ ਉੱਤਮਤਾ ਦੇ ਕੇਂਦਰ ਵਜੋਂ ਸਥਾਪਤ ਕਰਦੀ ਹੈ। ਰਾਇਰਸਨ ਦੁਆਰਾ ਰੋਜਰਸ ਸਾਈਬਰਸਿਕਿਓਰ ਕੈਟਾਲਿਸਟ (Rogers Cybersecure Catalyst), ਸਾਈਬਰਸਿਕਿਓਰਿਟੀ ਵਿੱਚ ਨਵੀਨਤਾ ਅਤੇ ਸਹਿਯੋਗ ਦਾ ਰਾਸ਼ਟਰੀ ਕੇਂਦਰ ਹੈ; ਸਿਟੀ ਵੀ ਫੈਡਰਲ ਡਿਵਲੈਪਮੈਂਟ (FedDev) ਅਤੇ ਨਿੱਜੀ ਸੈਕਟਰ ਦੇ ਭਾਈਵਾਲਾਂ ਦੇ ਨਾਲ ਫੰਡਿੰਗ ਵਿੱਚ ਯੋਗਦਾਨ ਦੇ ਰਹੀ ਹੈ। ਸਿਟੀ ਨੇ ਇਨਕਿਊਬੇਟਰਸ, ਫੰਡਿੰਗ, ਨੈਟਵਰਕਿੰਗ ਅਤੇ ਖਾਸ ਮੈਂਟਰਸ਼ਿਪ ਤੱਕ ਪਹੁੰਚ ਬਣਾਉਂਦੇ ਹੋਏ, ਕੈਟਾਲਿਸਟ ਸਾਈਬਰ ਐਕਸਲਰੇਟਰ (Catalyst Cyber Accelerator) ਅਤੇ ਰਾਇਰਸਨ ਵੈਂਚਰ ਜ਼ੋਨ (Ryerson Venture Zone) ਸਥਾਪਤ ਕਰਨ ਲਈ ਵੀ ਰਾਇਰਸਨ ਨਾਲ ਭਾਈਵਾਲੀ ਕੀਤੀ।

ਅਲਗੋਮਾ ਨਾਲ ਸਿਟੀ ਦੀ ਭਾਈਵਾਲੀ, ਪੁੱਜਣਯੋਗ ਸਿੱਖਿਆ ਤੱਕ ਪਹੁੰਚ ਨੂੰ ਵਧਾਉਂਦੇ ਹੋਏ, ਡਾਉਨਟਾਉਨ ਵਿੱਚ ਉਹਨਾਂ ਦੇ ਬ੍ਰੈਂਪਟਨ ਕੈਂਪਸ (Brampton Campus) ਦੇ ਵਿਸਤਾਰ ਦੀ ਹਿਮਾਇਤ ਕਰਦੀ ਹੈ। ਕੈਂਪਸ ਫੁੱਟਪ੍ਰਿੰਟ ਅਤੇ ਨਾਮਾਂਕਣ ਨੂੰ ਵਧਾਉਣ ਅਤੇ ਨਵੀਂ ਪ੍ਰੋਗਰਾਮਿੰਗ ਪੇਸ਼ ਕਰਨ ਨਾਲ, ਨੌਜਵਾਨਾਂ ਨੂੰ ਬ੍ਰੈਂਪਟਨ ਵਿੱਚ ਪੜ੍ਹਨ, ਰਹਿਣ ਅਤੇ ਕੰਮ ਕਰਨ ਦੇ ਯੋਗ ਬਣਾ ਕੇ, ਡਾਉਨਟਾਉਨ ਨੂੰ ਮੁੜ ਸ਼ਕਤੀਸ਼ਾਲੀ ਬਣਾਉਣ ਵਿੱਚ ਯੋਗਦਾਨ ਦਿੰਦਾ ਹੈ।

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

ਇਨੋਵੇਸ਼ਨ ਡਿਸਟ੍ਰਿਕਟ ਦਾ ਵਿਸਤਾਰ, ਬ੍ਰੈਂਪਟਨ ਦੇ ਆਰਥਿਕ ਵਾਧੇ ਦਾ ਮੁੱਖ ਹਿੱਸਾ ਹੈ। ਇਨੋਵੇਸ਼ਨ ਡਿਸਟ੍ਰਿਕਟ ਵਿੱਚ ਹੋਰਾਂ ਸੰਗਠਨਾਂ ਦੇ ਨਾਲ ਭਾਈਵਾਲੀਆਂ ਦੇ ਨਾਲ-ਨਾਲ, ਸਿੱਖਿਆ ਸੰਸਥਾਨਾਂ ਨਾਲ ਭਾਈਵਾਲੀਆਂ, ਇਨੋਵੇਸ਼ਨ ਡਿਸਟ੍ਰਿਕਟ ਲਈ ਠੋਸ ਨੀਂਹ ਸਥਾਪਤ ਕਰਦੀਆਂ ਹਨ ਅਤੇ ਡਿਸਟ੍ਰਿਕਟ ਵਿੱਚ ਨਵੇਂ ਭਾਈਵਾਲਾਂ ਨੂੰ ਆਕਰਸ਼ਿਤ ਕਰਦੀਆਂ ਹਨ। ਇਨੋਵੇਸ਼ਨ ਡਿਸਟ੍ਰਿਕਟ ਦਾ ਟੀਚਾ ਇਹ ਹੈ ਕਿ ਇਹ ਉੱਦਮੀਆਂ ਅਤੇ ਕਾਰੋਬਾਰੀਆਂ ਨੂੰ ਉਹਨਾਂ ਦੇ ਸਫਰ ਦੇ ਹਰੇਕ ਪੜਾਅ ਤੇ, ਕਈ ਤਰ੍ਹਾਂ ਦੀ ਮਦਦ ਪ੍ਰਦਾਨ ਕਰੇਗਾ।

ਇੰਟਰਨੈਸ਼ਨਲ ਇਕੋਨੋਮਿਕ ਡਿਵਲੈਪਮੈਂਟ ਕਾਉਂਸਿਲ, ਆਰਥਿਕ ਵਿਕਾਸਕਾਰਾਂ ਲਈ ਕੰਮ ਕਰਨ ਵਾਲਾ ਇੱਕ ਗੈਰ-ਲਾਭ, ਗੈਰ-ਪੱਖਪਾਤੀ ਮੈਂਬਰਸ਼ਿਪ ਸੰਗਠਨ ਹੈ। 5,000 ਤੋਂ ਵੱਧ ਮੈਂਬਰਾਂ ਦੇ ਨਾਲ, ਆਈ.ਈ.ਡੀ.ਸੀ. (IEDC), ਆਰਥਿਕ ਵਿਕਾਸ ਪੇਸ਼ੇ ਵਾਸਤੇ ਕੰਮ ਕਰਨ ਵਾਲਾ, ਦੁਨੀਆ ਦਾ ਸਭ ਤੋਂ ਵੱਡਾ ਮੈਂਬਰਸ਼ਿਪ ਸੰਗਠਨ ਹੈ।

**ਹਵਾਲੇ**

"ਸਾਰੇ ਖੇਤਰਾਂ ਵਿੱਚ ਮਜ਼ਬੂਤ ਭਾਈਵਾਲੀਆਂ, ਸਾਡੀ ਸਿਟੀ ਦੀ ਭਲਾਈ ਲਈ ਮਹੱਤਵਪੂਰਣ ਹਨ – ਅਸੀਂ ਜਾਣਦੇ ਹਾਂ ਕਿ ਅਸੀਂ ਇਹ ਸਭ ਇਕੱਲੇ ਨਹੀਂ ਕਰ ਸਕਦੇ, ਖਾਸ ਕਰਕੇ ਜਦੋਂ ਅਸੀਂ ਬਹਾਲ ਹੋਣ ਦਾ ਯਤਨ ਕਰ ਰਹੇ ਹਾਂ। ਸਾਡੀ ਸਿਟੀ ਨੂੰ ਸਕਾਰਾਤਮਕ ਰੂਪ ਨਾਲ ਪ੍ਰਗਤੀਸ਼ੀਲ ਅਤੇ ਖੁਸ਼ਹਾਲ ਭਵਿੱਖ ਵੱਲ ਅੱਗੇ ਵਧਾਉਣ ਵਿੱਚ ਵਿਚਾਰ-ਵਟਾਂਦਰੇ ਕਰਨ ਅਤੇ ਸਾਡੇ ਨਾਲ ਮਿਲ ਕੇ ਕੰਮ ਕਰਨ ਵਾਸਤੇ ਸਾਡੇ ਭਾਈਵਾਲਾਂ ਦਾ ਧੰਨਵਾਦ।"

- *ਪੈਟਰਿਕ ਬ੍ਰਾਊਨ* (Patrick Brown), *ਮੇਅਰ, ਸਿਟੀ ਆਫ ਬ੍ਰੈਂਪਟਨ*

"ਸਾਡੇ ਇਨੋਵੇਸ਼ਨ ਡਿਸਟ੍ਰਿਕਟ ਦਾ ਲਗਾਤਾਰ ਵਿਕਾਸ, ਸਾਡੀ ਇਕੋਨੋਮਿਕ ਰਿਕਵਰੀ ਸਟ੍ਰੈਟਜੀ ਵਿੱਚ ਮਹੱਤਵਪੂਰਣ ਕਾਰਵਾਈ ਹੈ ਅਤੇ ਸਾਡੀਆਂ ਭਾਈਵਾਲੀਆਂ, ਸਾਡੀ ਸਫਲਤਾ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ। ਜਿਵੇਂ ਕਿ ਅਸੀਂ ਸਾਡੀ ਸਿਟੀ ਨੂੰ ਕੋਵਿਡ-19 ਦੇ ਅਸਰਾਂ ਤੋਂ ਅੱਗੇ ਵਧਾਉਂਦੇ ਹੋਏ ਆਖਰਕਾਰ ਮਹਾਂਮਾਰੀ ਤੋਂ ਬਾਹਰ ਨਿੱਕਲ ਰਹੇ ਹਾਂ, ਅਸੀਂ ਸਾਡੇ ਭਾਈਵਾਲਾਂ ਨਾਲ ਕੰਮ ਕਰਨ ਲਈ ਵਚਨਬੱਧ ਹਾਂ, ਤਾਂ ਜੋ ਸਾਡੇ ਉੱਦਮੀਆਂ ਅਤੇ ਕਾਰੋਬਾਰੀ ਭਾਈਚਾਰੇ ਨੂੰ ਉਹਨਾਂ ਦੀ ਪੂਰੀ ਬਹਾਲੀ ਅਤੇ ਭਵਿੱਖੀ ਵਾਧੇ ਵਿੱਚ ਸਮਰੱਥ ਬਣਾਉਣ ਵਿੱਚ ਮਦਦ ਲਈ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰ ਸਕੀਏ।"

- *ਪਾੱਲ ਵਿਸੇਂਟ* (Paul Vicente), *ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਵਾਈਸ-ਚੇਅਰ, ਇਕੋਨੋਮਿਕ ਡਿਵਲੈਪਮੈਂਟ ਐਂਡ ਕਲਚਰ; ਕੋ-ਚੇਅਰ, ਮੇਅਰਸ ਕੋਵਿਡ-19 ਇਕੋਨੋਮਿਕ ਸਪੋਰਟ ਟਾਸਕ ਫੋਰਸ, ਸਿਟੀ ਆਫ ਬ੍ਰੈਂਪਟਨ*

"ਮੈਂ, ਸਾਡੇ ਭਾਈਚਾਰੇ ਵਿੱਚ ਭਾਈਵਾਲੀਆਂ ਕਰਨ ਵਿੱਚ ਰੋਜ਼ਾਨਾ ਕੰਮ ਕਰਨ ਵਾਸਤੇ ਸਾਡੇ ਸਟਾਫ਼ ਦੀ ਪ੍ਰਸ਼ੰਸਾ ਕਰਦਾ ਹਾਂ। ਅਸੀਂ ਹਮੇਸ਼ਾ ਉੱਤਮਤਾ ਦਾ ਯਤਨ ਕਰਦੇ ਹਾਂ ਅਤੇ ਇਹ ਅਵਾਰਡ, ਸਾਡੇ ਇਕੋਨੋਮਿਕ ਡਿਵਲੈਪਮੈਂਟ ਸਟਾਫ਼ ਵੱਲੋਂ ਪਰਦੇ ਪਿੱਛੇ ਕੀਤੇ ਕੰਮ ਦਾ ਸਬੂਤ ਹੈ, ਜੋ ਉਹ ਅਜਿਹੀਆਂ ਭਾਈਵਾਲੀਆਂ ਕਰਨ ਲਈ ਰੋਜ਼ਾਨਾ ਕਰਦੇ ਹਨ, ਜੋ ਸਾਡੀ ਸਿਟੀ ਵਿੱਚ ਵਾਧਾ ਕਰਦੀਆਂ ਹਨ ਅਤੇ ਨਿਵਾਸੀਆਂ ਨੂੰ ਫਾਇਦਾ ਪਹੁੰਚਾਉਂਦੀਆਂ ਹਨ।"

- *ਡੇਵਿਡ ਬੈਰਿਕ* (David Barrick), *ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

"ਆਈ.ਈ.ਡੀ.ਸੀ. ਦੇ ਐਕਸੀਲੈਂਸ ਇਨ ਇਕੋਨੋਮਿਕ ਡਿਵਲੈਪਮੈਂਟ ਅਵਾਰਡਸ ਦੇ ਜੇਤੂ, ਆਰਥਿਕ ਵਿਕਾਸ ਵਿੱਚ ਬਿਹਤਰੀ ਨੂੰ ਦਰਸਾਉਂਦੇ ਹਨ ਅਤੇ ਸੂਝਬੂਝ, ਅਖੰਡਤਾ ਅਤੇ ਲੀਡਰਸ਼ਿਪ ਦੀ ਮਿਸਾਲ ਦਿੰਦੇ ਹਨ, ਜਿਸ ਵਾਸਤੇ ਸਾਡਾ ਪੇਸ਼ਾ ਰੋਜ਼ਾਨਾ ਯਤਨ ਕਰਦਾ ਹੈ। ਸਾਨੂੰ 100 ਤੋਂ ਵੱਧ ਭਾਈਚਾਰਿਆਂ ਵਿੱਚੋਂ ਸਨਮਾਨਿਤ ਕੀਤਾ ਗਿਆ ਹੈ, ਜਿਹਨਾਂ ਦੀਆਂ ਮਾਰਕੀਟਿੰਗ ਮੁਹਿੰਮਾਂ, ਪ੍ਰੋਜੈਕਟਾਂ ਅਤੇ ਭਾਈਵਾਲੀਆਂ ਨੇ ਰੀਜਨਲ ਜ਼ਿੰਦਗੀ ਦੀ ਕੁਆਲਿਟੀ ਨੂੰ ਕਾਫੀ ਹੱਦ ਤੱਕ ਬਿਹਤਰ ਬਣਾਇਆ ਹੈ।"

- *ਕੇਨੀ ਮੈਕਡੌਨਲਡ* (Kenny McDonald), *2020 ਆਈ.ਈ.ਡੀ.ਸੀ. ਬੋਰਡ ਚੇਅਰ; ਚੀਫ ਐਗਜੀਕਿਉਟਿਵ ਅਫਸਰ, ਵਨ ਕੋਲੰਬਸ*

"ਰਾਇਰਸਨ ਯੂਨੀਵਰਸਿਟੀ, ਸਿਟੀ ਆਫ ਬ੍ਰੈਂਪਟਨ ਲਈ ਇਸ ਪ੍ਰਤਿਸ਼ਠਾ ਵਿੱਚ ਭੂਮਿਕਾ ਨਿਭਾ ਕੇ ਬੇਹੱਦ ਖੁਸ਼ ਹੈ। ਬ੍ਰੈਂਪਟਨ ਵਿੱਚ ਰਾਇਰਸਨ ਦੇ ਰੋਜਰਸ ਸਾਈਬਰਸਿਕਿਓਰ ਕੈਟਾਲਿਸਟ ਅਤੇ ਰਾਇਰਸਨ ਵੈਂਚਰ ਜ਼ੋਨ ਦੇ ਦੁਆਰਾ, ਯੂਨੀਵਰਸਿਟੀ ਮੁਹਾਰਤ ਅਤੇ ਅਨੁਭਵ ਪ੍ਰਦਾਨ ਕਰਦੀ ਹੈ, ਤਾਂ ਜੋ ਬ੍ਰੈਂਪਟਨ ਵਿੱਚ ਇਨੋਵੇਸ਼ਨ ਸੰਚਾਲਤ ਕਰਨ ਅਤੇ ਉੱਦਮ ਬਣਾਉਣ ਵਿੱਚ ਮਦਦ ਕੀਤੀ ਜਾ ਸਕੇ। ਅਸੀਂ ਭਵਿੱਖ ਵਿੱਚ ਇਹਨਾਂ ਭਾਈਵਾਲੀਆਂ ਨੂੰ ਵਧਾਉਣਾ ਜਾਰੀ ਰੱਖਣ ਲਈ ਉਤਸ਼ਾਹਿਤ ਹਾਂ।"

– *ਮੁਹੰਮਦ ਲਾਚੇਮੀ (Mohamed Lachemi), ਪ੍ਰੈਜ਼ੀਡੈਂਟ ਐਂਡ ਵਾਈਸ-ਚਾਂਸਲਰ, ਰਾਇਰਸਨ ਯੂਨੀਵਰਸਿਟੀ*

"ਅਲਗੋਮਾ ਯੂਨੀਵਰਸਿਟੀ ਨੂੰ, ਆਈ.ਈ.ਡੀ.ਸੀ. ਵੱਲੋਂ ਸਿਟੀ ਆਫ ਬ੍ਰੈਂਪਟਨ ਨੂੰ ਪ੍ਰਦਾਨ ਕੀਤੀ ਮਾਨਤਾ ਬਾਰੇ ਜਾਣ ਕੇ ਖੁਸ਼ੀ ਹੋਈ। ਸਿਟੀ ਦੇ ਅਧਿਕਾਰੀਆਂ ਵੱਲੋਂ ਦਰਸਾਈ ਗਈ ਸ਼ਾਨਦਾਰ ਲੀਡਰਸ਼ਿਪ, ਦ੍ਰਿਸ਼ਟੀਕੋਣ ਅਤੇ ਭਾਈਵਾਲੀ ਦੇ ਪ੍ਰਤੀ ਵਚਨਬੱਧਤਾ ਨੇ, 2019-20 ਵਿੱਚ ਅਲਗੋਮਾ ਵਿਖੇ ਦਾਖਲੇ ਵਿੱਚ 223 ਪ੍ਰਤੀਸ਼ਤ ਦੇ ਵਾਧੇ ਦਾ ਸਹਿਯੋਗ ਦੇਣ ਵਿੱਚ ਮਦਦ ਕੀਤੀ, ਜਦੋਂ ਅਸੀਂ ਡਾਊਨਟਾਊਨ ਬ੍ਰੈਂਪਟਨ ਦੇ ਕੇਂਦਰ ਵਿੱਚ ਪੋਸਟ-ਸੈਕੰਡਰੀ ਪਹੁੰਚ ਦਾ ਵਿਸਤਾਰ ਕਰਨਾ ਜਾਰੀ ਰੱਖ ਰਹੇ ਹਾਂ। ਇਹਨਾਂ ਯਤਨਾਂ ਦੇ, ਇਸ ਵਧਦੇ ਭਾਈਚਾਰੇ ਨੂੰ ਛੋਟੀ ਅਤੇ ਲੰਮੀ-ਮਿਆਦ ਦੋਵਾਂ ਵਿੱਚ ਆਰਥਿਕ ਅਤੇ ਸਮਾਜਿਕ ਫਾਇਦੇ ਹੋਣਗੇ।"

– *ਕ੍ਰੇਗ ਫੋਲਰ (Craig Fowler), ਵਾਈਸ ਪ੍ਰੈਜ਼ੀਡੈਂਟ, ਗ੍ਰੋਥ, ਇਨੋਵੇਸ਼ਨ ਐਂਡ ਐਕਸਟਰਨਲ ਰਿਲੇਸ਼ਨਸ, ਅਲਗੋਮਾ ਯੂਨੀਵਰਸਿਟੀ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 650,000 ਲੋਕਾਂ ਅਤੇ 70,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca